M.Phil. (Punjabi) Entrance Test Examination
Session — 2014-15

## ਪ੍ਰਸ਼ਨ-ਪੱਤਰ

1. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਬਾਣੀਕਾਰਾਂ ਦੀ ਬਾਣੀ ਸ਼ਾਮਿਲ ਹੈ ?

ੳ. 06 ਅ. 15 ੲ. 36 ਸ. 21

2. ਬਾਬਾ ਫ਼ਰੀਦ ਦੇ ਕਿੰਨੇ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹਨ ?

ੳ. 130 ਅ. 141 ੲ. 101 ਸ. 112

3. 'ਅਨੰਦੁ ਸਾਹਿਬ' ਦੀ ਬਾਣੀ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?

ੳ. ਗੁਰੂ ਨਾਨਕ ਦੇਵ ਜੀ ਅ. ਗੁਰੂ ਅਰਜਨ ਦੇਵ ਜੀ ੲ. ਗੁਰੂ ਅਮਰਦਾਸ ਜੀ

ਸ. ਗੁਰੂ ਤੇਗ ਬਹਾਦਰ ਜੀ

4. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਗ੍ਰੰਥੀ ਕੌਣ ਸਨ ?

ੳ. ਭਾਈ ਗੁਰਦਾਸ ਅ. ਬਾਬਾ ਬੁੱਢਾ ਜੀ ੲ. ਭਾਈ ਬਹਿਲੋ

ਸ. ਗੁਰੂ ਅਰਜਨ ਦੇਵ ਜੀ

5. ਪੰਜਾਬੀ ਵਿਚ 'ਹੀਰ' ਦਾ ਕਿੱਸਾ ਕਿਸ ਸ਼ਾਇਰ ਦਾ ਲਿਖਿਆ ਸਭ ਤੋਂ ਜ਼ਿਆਦਾ ਮਕਬੂਲ ਹੈ ?

ੳ. ਭਗਵਾਨ ਸਿੰਘ ਅ. ਦਮੋਦਰ ੲ. ਮੁਕਬਲ ਸ. ਵਾਰਿਸ ਸ਼ਾਹ

6. 'ਆਸਾ ਦੀ ਵਾਰ' ਨੂੰ ਕਿਸ ਪੁਰਾਤਨ ਵਾਰ ਦੀ ਧੁਨੀ ਉਪਰ ਗਾਏ ਜਾਣ ਦਾ ਆਦੇਸ਼ ਦਿੱਤਾ ਗਿਆ ਹੈ ?

ੳ. ਲਲਾ ਬਹਿਲੀਮਾ ਦੀ ਵਾਰ ਅ. ਰਾਣੇ ਕੈਲਾਸ ਦੀ ਵਾਰ

ੲ. ਟੁੰਡੇ ਅਸਰਾਜੇ ਦੀ ਵਾਰ ਸ. ਜੋਧੇ ਵੀਰੇ ਪੂਰਬਾਣੇ ਕੀ ਵਾਰ

Generated by CamScanner

7. 'ਪੂਰਨ ਭਗਤ' ਕਾਦਰਯਾਰ ਦਾ ਕਿੱਸਾ ਕਿਸ ਕਾਵਿ-ਰੂਪ ਵਿਚ ਲਿਖਿਆ ਹੋਇਆ ਹੈ ?

ੳ. ਬੈਂਤ ਅ. ਵਾਰ ੲ. ਸੀਹਰਫ਼ੀ ਸ. ਸੱਦ

8. "ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ

ਸਿਰ ਦੋਹਾਂ ਦੇ ਨਵੀਂ ਅਫ਼ਾਤ ਆਈ"

ਇਹ ਕਾਵਿ-ਪੰਗਤੀ ਕਿਸ ਸ਼ਾਇਰ ਦੀ ਰਚਨਾ ਹੈ ?

ੳ. ਕਾਦਰਯਾਰ ਅ. ਨਜ਼ਾਬਤ ੲ. ਭਗਵਾਨ ਸਿੰਘ ਸ. ਸ਼ਾਹ ਮੁਹੰਮਦ

9. ਕਿਸ ਮਹਾਨ ਕਵੀ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਮਾਣ ਪ੍ਰਾਪਤ ਹੈ ?

ੳ. ਭਾਈ ਬਾਲਾ ਅ. ਭਾਈ ਗੁਰਦਾਸ ੲ. ਭਾਈ ਨੰਦ ਲਾਲ ਸ. ਸਰੂਪ ਦਾਸ ਭੱਲਾ

10. ਚੰਡੀ ਦੀ ਵਾਰ ਵਿਚ 'ਨਾਇਕਾ' ਵਜੋਂ ਕਿਸ ਦੇਵੀ ਨੂੰ ਪੇਸ਼ ਕੀਤਾ ਗਿਆ ਹੈ ?

ੳ. ਕਾਲੀ ਦੇਵੀ ਅ. ਦੁਰਗਾ ਮਾਤਾ ੲ. ਨੈਣਾ ਦੇਵੀ ਸ. ਸਰਸਵਤੀ ਦੇਵੀ

11. ਹੀਰ ਦਮੋਦਰ ਕਿਸ ਛੰਦ ਵਿਚ ਲਿਖੀ ਗਈ ਸੀ ?

ੳ. ਬੈਂਤ ਅ. ਦਵੱਈਆ ੲ. ਪਉੜੀ ਸ. ਡਿਉਢ

12. ਮਿਰਜ਼ੇ ਦਾ ਕਿੱਸਾ ਪੰਜਾਬੀ ਸਾਹਿਤ ਵਿਚ ਕਿਸ ਸ਼ਾਇਰ ਦੁਆਰਾ ਲਿਖਆ ਸਭ ਤੋਂ ਹਰਮਨ ਪਿਆਰਾ ਹੈ ?

Generated by CamScanner

ੳ. ਅਲੀ ਹੈਦਰ ਅ. ਪੀਲੂ ੲ. ਹਾਫ਼ਿਜ਼ ਬਰਖ਼ੁਰਦਾਰ ਸ. ਹਾਸ਼ਮ ਸ਼ਾਹ

13. 'ਗਿਆਨ ਰਤਨਾਵਲੀ' ਕਿਸ ਲੇਖਕ ਦੀ ਰਚਨਾ ਹੈ ?

ੳ. ਭਾਈ ਮਨੀ ਸਿੰਘ ਅ. ਬਾਬਾ ਦੀਪ ਸਿੰਘ ੲ. ਭਾਈ ਬਾਲਾ ਸ. ਅੱਡਣ ਸ਼ਾਹ

14. ਗੁਰਬਾਣੀ ਦੀ ਸਭ ਤੋਂ ਪਹਿਲੀ ਵਿਆਖਿਆ ਪ੍ਰਣਾਲੀ ਕਿਹੜੀ ਹੈ ?

ੳ. ਭਾਈ ਪ੍ਰਣਾਲੀ ਅ. ਗੁਰ ਪ੍ਰਣਾਲੀ ੲ. ਨਿਰਮਲ-ਸੰਪ੍ਰਦਾਇ ਸ. ਉਦਾਸੀ ਪ੍ਰਣਾਲੀ

15. ਹਾਸ਼ਮ ਸ਼ਾਹ ਕਿਸ ਰਚਨਾ ਲਈ ਸਭ ਤੋਂ ਹਰਮਨ ਪਿਆਰਾ ਹੈ ?

ੳ. ਸ਼ੀਰੀਂ ਫ਼ਰਹਾਦ ਅ. ਸੱਸੀ ੲ. ਮਿਆਰਜ਼ਨਾਮਾ ਸ. ਦੋਹੜੇ

16. 'ਪੁਰਾਤਨ ਜਨਮ ਸਾਖੀ' ਦੀ ਸੰਪਾਦਨਾ ਕਿਸ ਵਲੋਂ ਕੀਤੀ ਗਈ ?

ੳ. ਭਾਈ ਵੀਰ ਸਿੰਘ ਅ. ਭਾਈ ਬਾਲਾ ੲ. ਭਾਈ ਮਨੀ ਸਿੰਘ ਸ. ਭਾਈ ਗੁਰਦਾਸ

17. ਪੰਜਾਬੀ ਸਾਹਿਤ ਦਾ ਮੁੱਢ ਕਿਨ੍ਹਾਂ ਦੀਆਂ ਰਚਨਾਵਾਂ ਤੋਂ ਬੱਝਿਆ ?

ੳ. ਸੂਫ਼ੀ ਅ. ਨਾਥ-ਜੋਗੀ ੲ. ਵਾਰਕਾਰ ਸ. ਲੋਕ-ਸਾਹਿਤ

18. 'ਪੁਰਾਤਨ ਪੰਥ ਪ੍ਰਕਾਸ਼' ਕਿਸ ਕਵੀ ਦੀ ਰਚਨਾ ਹੈ ?

ੳ. ਗਿਆਨੀ ਗਿਆਨ ਸਿੰਘ ਅ. ਭਾਈ ਸੰਤੋਖ ਸਿੰਘ ੲ. ਸੋਹਨ ਕਵੀ

ਸ. ਭਾਈ ਰਤਨ ਸਿੰਘ ਭੰਗੂ

19. 'ਮੁੰਦਾਵਣੀ' ਕਿਸ ਗੁਰੂ ਸਾਹਿਬ ਦੀ ਬਾਣੀ ਹੈ ?

ੳ. ਗੁਰੂ ਤੇਗ ਬਹਾਦਰ ਜੀ ਅ. ਗੁਰੂ ਅਰਜਨ ਦੇਵ ਜੀ ੲ. ਗੁਰੂ ਨਾਨਕ

ਸ. ਗੁਰੂ ਰਾਮਦਾਸ

20. 'ਲੋਕ-ਗੀਤ' ਸਭ ਤੋਂ ਪਹਿਲਾਂ ਕਿਸ ਦੀ ਰਚਨਾ ਹੁੰਦਾ ਹੈ ?

ੳ. ਲੋਕ ਸਮੂਹ ਅ. ਵਿਅਕਤੀ ਵਿਸ਼ੇਸ਼ ੲ. ਭਾਈਚਾਰਾ ਸ. ਮੀਰਾਂ ਦੀ ਰਚਨਾ

21. ਭੰਗੜਾ ਲੋਕ-ਨਾਚ ਕਿਹੜੇ ਲੋਕ ਕਾਵਿ-ਰੂਪ ਸੰਬੰਧਤ ਹੈ ?

ੳ. ਸੁਹਾਗ ਅ. ਘੋੜੀ ੲ. ਬੋਲੀਆਂ ਸ. ਸਿੱਠਣੀਆਂ

22. ਕਿਹੜਾ ਕਾਵਿ-ਰੂਪ ਸ਼ੋਕ-ਪ੍ਰਧਾਨ ਹੈ ?



Generated by CamScanner

ੳ. ਸੱਦ ਅ. ਹਾਮਦ ੲ. ਅਲਹੂਣੀ ਸ. ਸਿੱਠਣੀ

23. ਪੰਜਾਬੀ ਵਿਚ ਲੋਕ ਧਾਰਾ ਦੇ ਖੇਤਰ ਵਿਚ ਸਭ ਤੋਂ ਜ਼ਿਆਦਾ ਖੋਜ-ਕਾਰਜ ਕਿਸ ਵਿਅਕਤੀ ਨੇ ਕੀਤਾ ?

ੳ. ਮਹਿੰਦਰ ਸਿੰਘ ਰੰਧਾਵਾ ਅ. ਨਾਹਰ ਸਿੰਘ ੲ. ਦੇਵਿੰਦਰ ਸਤਿਆਰਥੀ

ਸ. ਵਣਜਾਰਾ ਬੇਦੀ

24. ਪੰਜਾਬੀ ਵਿਚ ਲੋਕ ਕਾਵਿ-ਰੂਪਾਂ ਦੇ ਸੰਗ੍ਰਹਿ ਵਿਚ ਮੋਹਰੀ ਭਾਵ ਸਭ ਤੋਂ ਵੱਧ ਦੇਣ ਕਿਸ ਵਿਦਵਾਨ ਦੀ ਹੈ ?

ੳ. ਵਣਜਾਰਾ ਬੇਦੀ ਅ. ਨਾਹਰ ਸਿੰਘ ੲ. ਔਨ ਕੌਰ ਸ. ਦੇਵਿੰਦਰ ਸਤਿਆਰਥੀ

25. 'ਪੰਜਾਬੀ ਬਾਤ-ਚੀਤ' ਪੁਸਤਕ ਦਾ ਲੇਖਕ ਕੌਣ ਹੈ ?

ੳ. ਧਨੀ ਰਾਮ ਚਾਤ੍ਰਿਕ ਅ. ਬਾਵਾ ਬੁਧ ਸਿੰਘ ੲ. ਸ਼ਰਧਾ ਰਾਮ ਫਿਲੌਰੀ

ਸ. ਪ੍ਰੋ. ਗੁਰਮੁਖ ਸਿੰਘ

26. "ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਜੀਂਦਾ ਗੁਰਾਂ ਦੇ ਨਾਮ ਤੇ" ਕਿਸ ਅਲਬੇਲੇ ਸ਼ਾਇਰ ਦੀ ਰਚਨਾ ਹੈ ?

ੳ. ਭਾਈ ਵੀਰ ਸਿੰਘ ਅ. ਦੀਵਾਨ ਸਿੰਘ ਕਾਲੇਪਾਣੀ ੲ. ਫ਼ੀਰੋਜ਼ਦੀਨ ਸ਼ਰਫ਼

ਸ. ਪ੍ਰੋ. ਪੂਰਨ ਸਿੰਘ

27. ਪਿੱਪਲ ਪੱਤੀਆਂ ਦਾ ਗਹਿਣਾ ਕਿਹੜੇ ਥਾਂ ਪਾਇਆ ਜਾਂਦਾ ਹੈ ?

ੳ. ਕਲਾਈ ਅ. ਮੱਥਾ ੲ. ਕੰਨ ਸ. ਨੱਕ

28. ਸੰਸਾਰ ਵਿਚ ਸਭ ਤੋਂ ਪਹਿਲਾਂ ਕਿਹੜੀ ਲਿਪੀ ਪੈਦਾ ਹੋਈ ?

ੳ. ਸੰਕੇਤ ਲਿਪੀ ਅ. ਗੀਫ ਲਿਪੀ ੲ. ਚਿਤਰ ਲਿਪੀ ਸ. ਵਰਣ ਲਿਪੀ

29. ਭਾਸ਼ਾ ਸਾਹਿਤ ਦਾ ਕੀ ਹੈ ?

ੳ. ਤੱਤ ਅ. ਰੂਪ ੲ. ਮਾਧਿਅਮ ਸ. ਮਾਡਲ

30. ਉਚਾਰ ਭਾਸ਼ਾ ਦਾ ਕਿਹੜਾ ਰੂਪ ਹੈ ?

ੳ. ਨਿਰਧਾਰਿਤ ਅ. ਸਮਾਜਕ ੲ. ਵਿਅਕਤੀਗਤ ਸ. ਸਵੈ-ਇੱਛਤ



Generated by CamScanner

31. ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਕਿਸ ਲਿਪੀ ਵਿਚ ਲਿਖੀ ਜਾਂਦੀ ਹੈ ?

ੳ. ਅਰਬੀ ਅ. ਗੁਰਮੁਖੀ ੲ. ਰੋਮਨ ਸ. ਸ਼ਾਹਮੁਖੀ

32. ਪੰਜਾਬੀ ਵਿਚ 'ਅ' ਅਗੇਤਰ ਸ਼ਬਦ ਨੂੰ ਕਿਹੜਾ ਰੂਪ ਦੇ ਦਿੰਦਾ ਹੈ ?

ੳ. ਹਾਂ ਪੱਖੀ ਅ. ਨਾਂਹ ਪੱਖੀ ੲ. ਵਿਸ਼ੇਸ਼ ਸ. ਸਮਾਨਾਰਥਕ

33. ਪੰਜਾਬੀ ਭਾਸ਼ਾ ਵਿਚ ਸੁਰ ਧੁਨੀਆ ਦੀ ਗਿਣਤੀ ਕਿੰਨੀ ਹੈ ?

ੳ. ਤਿੰਨ ਅ. ਦਸ ੲ. ਸੱਤ ਸ. ਇੱਕੀ

34. ਪੰਜਾਬੀ ਭਾਸ਼ਾ ਦਾ ਮੂਲ ਸ੍ਰੋਤ ਕਿਹੜੀ ਭਾਸ਼ਾ ਹੈ ?

ੳ. ਲਾਤੀਨੀ ਅ. ਵੈਦਿਕ ਸੰਸਕ੍ਰਿਤ ੲ. ਪ੍ਰਾਕ੍ਰਿਤ ਸ. ਹਿੰਦੀ

35. ਪੰਜਾਬੀ ਵਿਚ ਆਧੁਨਿਕ ਸਾਹਿਤ ਦਾ ਮੋਢੀ ਕੌਣ ਹੈ ?

ੳ. ਗਿਆਨੀ ਦਿੱਤ ਸਿੰਘ ਅ. ਭਾਈ ਵੀਰ ਸਿੰਘ ੲ. ਸ਼ਰਧਾ ਰਾਮ ਫਿਲੌਰੀ

ਸ. ਬਾਵਾ ਬੁੱਧ ਸਿੰਘ

36. ਪੰਜਾਬੀ ਵਿਚ ਕਿਸ ਲੇਖਕ ਨੂੰ 'ਭੂਮਕੱਈਆ' ਜਾਂ ਸਾਹਿਤ ਦਾ ਬਾਬਾ ਕਿਹਾ ਜਾਂਦਾ ਹੈ ?

ੳ. ਮੌਲਾ ਬਖ਼ ਕੁਸ਼ਤਾ ਅ. ਪ੍ਰਿੰਸੀਪਲ ਤੇਜਾ ਸਿੰਘ ੲ. ਮੋਹਨ ਸਿੰਘ ਦੀਵਾਨਾ

ਸ. ਭਾਈ ਮੋਹਨ ਸਿੰਘ ਵੈਦ

37. ਪੰਜਾਬੀ ਦਾ ਪਹਿਲਾ ਅਤੇ ਸੰਸਥਾਪਕ ਪ੍ਰਗਤੀਵਾਦੀ ਆਲੋਚਕ ਕੌਣ ਹੈ ?

ੳ. ਪ੍ਰਿੰਸੀਪਲ ਤੇਜਾ ਸਿੰਘ ਅ. ਸੰਤ ਸਿੰਘ ਸੇਖੋਂ ੲ. ਪ੍ਰੋ. ਕਿਸ਼ਨ ਸਿੰਘ

ਸ. ਪ੍ਰੋ. ਅਤਰ ਸਿੰਘ

38. ਡਾ. ਮੋਹਨ ਸਿੰਘ ਦੀਵਾਨਾ ਕਿਸ ਖੇਤਰ ਦੇ ਸਥਾਪਿਤ ਵਿਦਵਾਨ ਮੰਨੇ ਜਾਂਦੇ ਹਨ ?

ੳ. ਸਾਹਿਤ ਆਲੋਚਨਾ ਅ. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ

ੲ. ਭਾਸ਼ਾ ਵਿਗਿਆਨ ਸ. ਲੋਕਧਾਰਾ

39. ਪਾਸ਼ ਕਿਸ ਕਾਵਿ-ਧਾਰਾ ਦਾ ਸਿਰਮੌਰ ਕਵੀ ਹੈ ?

ੳ. ਪ੍ਰਯੋਗਸ਼ੀਲ ਅ. ਰੋਮਾਂਟਿਕ ੲ. ਜੁਝਾਰਵਾਦੀ ਸ. ਸੁਹਜਵਾਦੀ



Generated by CamScanner

40. ਭਾਰਤੀ ਕਾਵਿ-ਸ਼ਾਸਤਰ ਵਿਚ ਕਿੰਨੀਆਂ ਸੰਪ੍ਰਦਾਵਾਂ ਪ੍ਰਾਪਤ ਹਨ ?

ੳ. ਪੰਜ ਅ. ਸੱਤ ੲ. ਛੇ ਸ. ਗਿਆਰਾਂ

41. ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਕੇਸਰ ਸਿੰਘ ਕੇਸਰ, ਰਵਿੰਦਰ ਸਿੰਘ ਰਵੀ ਕਿਸ ਆਲੋਚਨਾ ਪ੍ਰਣਾਲੀ ਨਾਲ ਸੰਬੰਧ ਰੱਖਦੇ ਹਨ ?

ੳ. ਰੂਪਵਾਦੀ ਅ. ਭਾਸ਼ਾ ਵਿਗਿਆਨਕ ੲ. ਸੰਰਚਨਾਵਾਦੀ ਸ. ਮਾਰਕਸਵਾਦੀ

42. ਪੰਜਾਬੀ ਵਿਚ ਸਾਹਿਤ-ਵਿਗਿਆਨ ਜਾਂ ਸਾਹਿਤ-ਸ਼ਾਸਤਰ ਦਾ ਮੁੱਢ ਕਿਸ ਆਲੋਚਕ ਨੇ ਬੰਨ੍ਹਿਆਂ ?

ੳ. ਤਿਰਲੋਕ ਸਿੰਘ ਕੰਵਰ ਅ. ਹਰਿਭਜਨ ਸਿੰਘ ੲ. ਡਾ. ਨੂਰ ਸ. ਕਿਸ਼ਨ ਸਿੰਘ

43. "ਕੁੱਛ ਕਿਹਾ ਤਾਂ ਹਨ੍ਹੇਰਾ ਜਰੇਗਾ ਕਿਵੇਂ, ਚੁੱਪ ਰਹਾਂਗਾ ਤਾਂ ਸ਼ਮਾਦਾਨ ਕੀ ਕਹਿਣਗੇ" ਇਹ ਪੰਗਤੀ ਕਿਸ ਸ਼ਾਇਰ ਦੀ ਹੈ ?

ੳ. ਗੁਰਤੇਜ਼ ਕੁਹਾਰਵਾਲਾ ਅ. ਹਰਿਭਜਨ ਸਿੰਘ ੲ. ਜਗਤਾਰ ਸ. ਸੁਰਜੀਤ ਪਾਤਰ

44. ਪੰਜਾਬੀ ਨਾਟਕ ਨੂੰ ਪਿੰਡਾਂ ਦੀਆਂ ਸੱਥਾਂ ਤੀਕ ਪਹੁੰਚਾਉਣ ਵਾਲਾ ਨਾਟਕਕਾਰ ਕੌਣ ਹੈ ?

ੳ. ਆਤਮਜੀਤ ਅ. ਕੇਵਲ ਧਾਲੀਵਾਲ ੲ. ਭਾਅ ਜੀ ਗੁਰਸ਼ਰਨ ਸਿੰਘ

ਸ. ਅਜਮੇਰ ਔਲਖ

45. ਪੰਜਾਬੀ ਵਿਚ ਕਿਸੇ ਇਕ ਮੈਟਾ-ਆਲੋਚਕ ਦੀ ਪਛਾਣ ਕਰੋ।

ੳ. ਜਗਬੀਰ ਸਿੰਘ ਅ. ਹਰਿਭਜਨ ਸਿੰਘ ਭਾਟੀਆ ੲ. ਤੇਜਵੰਤ ਗਿਲ

ਸ. ਅਤਰ ਸਿੰਘ

46. ਪੰਜਾਬੀ ਸਾਹਿਤ ਵਿਚ ਵਿਸ਼ਵੀਕਰਣ ਦੇ ਵਰਤਾਰੇ ਦਾ ਆਰੰਭ ਕਦੋਂ ਤੋਂ ਹੋਇਆ ?

ੳ. 1970 ਅ. 1990 ੲ. 2010 ਸ. 1984

47. ਭਾਸ਼ਾ ਵਿਗਿਆਨਕ ਮਾਡਲ ਦਾ ਆਧਾਰ ਕਿਸ ਭਾਸ਼ਾ ਵਿਗਿਆਨੀ ਦੇ ਸੰਕਲਪ ਬਣੇ ਹਨ ?

ੳ. ਪਾਣਿਨੀ ਅ. ਸਾਸਿਊਰ ੲ. ਰੋਮਨ ਜੈਕਬਸਨ ਸ. ਚਾਮਸਕੀ

48. ਗਲਪ ਆਲੋਚਨਾ ਵਿਚ ਪੰਜਾਬੀ ਵਿਚ ਸਭ ਤੋਂ ਸਮਰੱਥ ਵਿਦਵਾਨ ਦਾ ਨਾਮ ਦੱਸੋ ?

ੳ. ਗੁਰਚਰਨ ਸਿੰਘ ਅ. ਰਘਬੀਰ ਸਿਰਜਣਾ ੲ. ਜੋਗਿੰਦਰ ਸਿਘ ਰਾਹੀ

Generated by CamScanner

ਸ. ਜਗਬੀਰ ਸਿੰਘ

49. ਨੀਂਹ ਅਤੇ ਉਸਾਰ ਦਾ ਸਿੱਧਾਂਤਕ ਸੰਕਲਪ ਕਿਸ ਆਲੋਚਨਾ-ਪ੍ਰਣਾਲੀ ਨਾਲ ਸੰਬੰਧਤ ਹੈ ?

ੳ. ਰੂਪਵਾਦੀ ਅ. ਨਵੀਨ ਆਲੋਚਨਾ ੲ. ਮਾਰਕਸਵਾਦੀ ਆਲੋਚਨਾ

ਸ. ਸੰਰਚਨਾਵਾਦੀ ਆਲੋਚਨਾ

50. ਅਰਸਤੂ ਦੇ ਸਾਹਿਤ ਨਾਲ ਸੰਬੰਧਤ ਗ੍ਰੰਥ ਦਾ ਨਾਮ ਲਿਖੋ ?

ੳ. ਰਾਜਨੀਤੀ ਅ. ਕਾਵਿ-ਸ਼ਾਸਤਰ ੲ. ਨੀਤੀ ਸ਼ਾਸਤਰ ਸ. ਸੰਵਾਦ

*****

Generated by CamScanner

ੳ ਅ ੲ ਸ
A B C D

ਪ੍ਰਸ਼ਨਾਂ ਦੀ ਕੁੰਜੀ ਹੇਠ ਲਿਖੇ ਅਨੁਸਾਰ ਹੈ: (6) **Key of Ques.**

| | | |
|---|---|---|
| 1. | ੲ | C |
| 2. | ਸ | D |
| 3. | ੲ | C |
| 4. | ਅ | B |
| 5. | ਸ | D |
| 6. | ੲ | C |
| 7. | ੲ | C |
| 8. | ਸ | D |
| 9. | ਅ | B |
| 10. | ਅ | B |
| 11. | ਅ | B |
| 12. | ਅ | B |
| 13. | ੳ | A |
| 14. | ਅ | B |
| 15. | ਅ | B |
| 16. | ੳ | A |
| 17. | ਅ | B |
| 18. | ਸ | D |
| 19. | ਅ | B |
| 20. | ਅ | B |
| 21. | ੲ | C |
| 22. | ੲ | C |
| 23. | ਸ | D |
| 24. | ਅ | B |
| 25. | ੲ | C |
| 26. | ਸ | D |
| 27. | ੲ | C |
| 28. | ੲ | C |
| 29. | ੲ | C |
| 30. | ੲ | C |
| 31. | ਸ | D |
| 32. | ਅ | B |
| 33. | ਅ | B |
| 34. | ਅ | B |
| 35. | ਅ | B |
| 36. | ਅ | B |
| 37. | ਅ | B |
| 38. | ਅ | B |
| 39. | ੲ | C |
| 40. | ੲ | C |
| 41. | ਸ | D |
| 42. | ਅ | B |
| 43. | ਸ | D |
| 44. | ੲ | C |
| 45. | ਅ | B |
| 46. | ਅ | B |
| 47. | ਅ | B |
| 48. | ੲ | C |
| 49. | ੲ | C |
| 50. | ਅ | B |

Generated by CamScanner